Fresno County
EDC
Growing the California Dream

26 ਮਈ 2020

ਪਿਆਰੇ ਕਾਰੋਬਾਰ ਮਾਲਕ

ਫ੍ਰੈਜ਼ਨੋ ਕਾਊਂਟੀ ਡਿਪਾਰਟਮੈਂਟ ਆਫ਼ ਪਬਲਿਕ ਹੈਲਥ, ਫ੍ਰੈਜ਼ਨੋ ਕਾਊਂਟੀ ਇਕਨਾਮਿਕ ਡਿਵੈਲਪਮੈਂਟ ਕਾਰਪੋਰੇਸ਼ਨ, ਅਤੇ ਸਾਡੇ ਸਮਾਜਕ ਭਾਈਵਾਲਾਂ ਵਲੋਂ, ਕਿਰਪਾ ਕਰਕੇ, ਇਹ ਜਾਣ ਲਓ ਕਿ ਅਸੀਂ ਤੁਹਾਡੇ ਨਾਲ, ਕੋਵਿਡ-19 ਕਰਕੇ ਤੁਹਾਡੇ ਕਾਰੋਬਾਰ ਨੂੰ ਜਿਹੜੀਆਂ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ, ਦੇ ਬਾਰੇ ਵਿੱਚ ਹਮਦਰਦੀ ਰੱਖਦੇ ਹਾਂ। ਅਸੀਂ ਜਾਣਦੇ ਹਾਂ ਕਿ ਸਾਡੇ ਨਾਗਰਿਕਾਂ ਦੀ ਸਿਹਤ ਅਤੇ ਸੁਰੱਖਿਆ ਨੂੰ ਯਕੀਨੀ ਬਣਾਉਣਾ ਅਤੇ ਸਥਾਨਕ ਅਰਥਵਿਵਸਥਾ ਨੂੰ ਮੁੜ ਤੋਂ ਖੋਲ੍ਹਣਾ ਇੱਕ ਨਿਵੇਕਲੀ ਨਹੀਂ ਬਲਕਿ ਕੋਵਿਡ-19 ਤੋਂ ਬਾਅਦ ਇੱਕ ਸੁਰੱਖਿਅਤ ਅਤੇ ਖੁਸ਼ਹਾਲ ਵਾਤਾਵਰਣ ਦਾ ਅਹਿਸਾਸ ਕਰਾਉਣ ਲਈ ਇੱਕ ਸਮੂਹਕ ਪ੍ਰਕਿਰੀਆ ਹੈ। ਇਸ ਲਈ ਸਾਨੂੰ ਤੁਹਾਡੀ ਮਦਦ ਦੀ ਲੋੜ ਹੈ।

ਜਿਵੇਂ ਫ੍ਰੈਜ਼ਨੋ ਕਾਊਂਟੀ ਕੈਲੀਫੋਰਨੀਆ ਰਾਜ ਨੂੰ ਸਾਡੀ ਅਰਥਵਿਵਸਥਾ ਨੂੰ ਮੁਕੰਮਲ ਤੌਰ ਤੇ ਮੁੜ ਖੋਲ੍ਹਣ ਦੀ ਆਗਿਆ ਦੇਣ ਦੀ ਅਪੀਲ ਕਰਦੀ ਹੈ, ਅਸੀਂ ਸਮਝਦੇ ਹਾਂ ਕਿ ਕਾਰੋਬਾਰੀ ਮਾਲਕਾਂ ਨੂੰ, ਕੋਵਿਡ-19 ਤੋਂ ਬਾਅਦ ਦੇ ਵਾਤਾਵਰਣ ਵਿੱਚ ਕਿਵੇਂ ਅੱਗੇ ਵਧਣਾ ਹੈ, ਵਰਗੀਆਂ ਬਹੁਤ ਸਾਰੀਆਂ ਚੁਣੋਤੀਆਂ ਦਾ ਸਾਹਮਣਾ ਕਰਨਾ ਪਵੇਗਾ। ਇਸ ਲਈ, ਅਸੀਂ ਰਾਜ ਪ੍ਰੋਟੋਕਾਲ ਦੀ ਨਿਭਣਯੋਗਤਾ, ਵਿਹਾਰਕਤਾ, ਅਤੇ ਪ੍ਰਭਾਵਸ਼ੀਲਤਾ ਦਾ ਮੁਲਾਂਕਣ ਕਰਨ ਲਈ ਤੁਹਾਨੂੰ ਸਿੱਧਾ ਫ਼ੀਡਬੈਕ ਦੇਣ ਲਈ ਕਹਿ ਰਹੇ ਹਾਂ। ਇਸ ਤੋਂ ਇਲਾਵਾ, ਇਹ ਸਾਡੇ ਕੋਲ ਕਰਮਚਾਰੀਆਂ, ਗਾਹਕਾਂ, ਅਤੇ ਭਾਈਚਾਰੇ ਦੇ ਮੈਂਬਰਾਂ ਦੀ ਸਿਹਤ ਅਤੇ ਸੁਰੱਖਿਆ ਨੂੰ ਯਕੀਨੀ ਬਣਾਉਂਦੇ ਹੋਏ ਅਰਥਵਿਵਸਥਾ ਨੂੰ ਮੁੜ ਸੁਰਜੀਤ ਕਰਨਾ ਕਿਸ ਤਰ੍ਹਾਂ ਦਿਖਾਈ ਦੇਵੇਗਾ ਬਾਰੇ ਵਿਚਾਰਾਂ ਅਤੇ ਉੱਚ ਦਰਜੇ ਦੇ ਅਭਿਆਸਾਂ ਨੂੰ ਇਕੱਤਰ ਕਰਨ ਦਾ ਮੌਕਾ ਹੈ।

ਕ੍ਰਿਪਾ ਕਰਕੇ ਨੱਥੀ ਕੀਤਾ ਗਿਆ ਪੰਜ ਮਿੰਟ ਦਾ ਸਰਵੇਖਣ ਭਰੋ। ਇਸ ਪ੍ਰਕਿਰਿਆ ਦੁਆਰਾ ਇਕੱਠੀ ਕੀਤੀ ਗਈ ਜਾਣਕਾਰੀ ਪਬਲਿਕ ਹੈਲਥ ਡਿਪਾਰਟਮੈਂਟ ਅਤੇ ਇਸਦੇ ਸਮਾਜਕ ਭਾਈਵਾਲਾਂ ਨੂੰ ਉਦਯੋਗ ਦੀ ਤਿਆਰੀ ਅਤੇ ਅੱਗੇ ਵੱਧਣ ਦੀਆਂ ਲੋੜਾਂ ਦਾ ਇੱਕ ਬੈਰੋਮੀਟਰ ਸਥਾਪਤ ਕਰਨ ਦੇ ਯੋਗ ਬਣਾਏਗੀ। ਇੱਕ ਵਾਰ ਜਦੋਂ ਤੁਸੀਂ ਸਰਵੇਖਣ ਪੂਰਾ ਕਰ ਲੈਂਦੇ ਹੋ, ਤਾਂ ਅਸੀਂ ਰਾਜ ਦੁਆਰਾ ਜਾਰੀ ਕੀਤੇ ਉਦਯੋਗ ਦਿਸ਼ਾ ਨਿਰਦੇਸ਼ਾਂ ਨੂੰ ਪੂਰਾ ਕਰਦੇ ਹੋਏ ਤੁਹਾਡੇ ਕਾਰੋਬਾਰ ਨੂੰ, ਸਰਵੇਖਣ ਦੇ ਅੰਤ ਵਿਚ ਦਿੱਤੇ ਇੰਡਸਟਰੀ ਗਾਈਡਲਾਈਨਜ਼ ਅਕਨਾਲੇਜਮੈਂਟ ਸੈਕਸ਼ਨ ਅਧੀਨ ਸ਼ਾਮਲ ਹੋ ਕੇ, ਫ੍ਰੈਜ਼ਨੋ ਦੀ ਅਰਥਵਿਵਸਥਾ ਨੂੰ ਮੁੜ ਖੋਲ੍ਹਣ ਦੇ ਭਾਈਵਾਲ ਬਣਨ ਲਈ ਵਚਨਬੱਧ ਹੋਣ ਲਈ ਕਹਿੰਦੇ ਹਾਂ।

ਅਜਿਹਾ ਕਰਨ ਲਈ ਸਹਿਮਤ ਹੋਣ ਤੇ ਸਾਡੀ ਅਰਥਵਿਵਸਥਾ ਨੂੰ ਮੁੜ ਖੋਲ੍ਹਣ ਸਮੇਂ ਜਨਤਾ ਦੀ ਸਿਹਤ ਦੀ ਰੱਖਿਆ ਕਰਨ ਲਈ ਤੁਹਾਡੀ ਕੰਪਨੀ ਵਲੋਂ ਦਿੱਤੀ ਵਚਨਬੱਧਤਾ ਨੂੰ ਇੱਕ ਮਨੋਨੀਤ ਵੈਬਸਾਈਟ ਤੇ ਸੂਚੀਬੱਧ ਕੀਤਾ ਜਾਵੇਗਾ। ਸਭ ਤੋਂ ਮਹੱਤਵਪੂਰਨ, ਤੁਹਾਡੀ ਭਾਈਵਾਲੀ ਰਾਜ ਨੂੰ ਸਖਤ ਸੰਦੇਸ਼ ਦੇਵੇਗੀ ਕਿ ਫ੍ਰੈਜ਼ਨੋ ਕਾਊਂਟੀ ਦੇ ਕਾਰੋਬਾਰੀ ਮਾਲਕ ਆਪਣੀ ਸਥਾਨਕ ਅਰਥਵਿਵਸਥਾ ਨੂੰ ਸੁਰਜੀਤ ਕਰਨ ਲਈ ਚੰਗੀ ਤਰ੍ਹਾਂ ਆਗਾਹ, ਸੁਸੱਜਤ, ਅਤੇ ਤਿਆਰ ਹਨ।

ਅੰਤ ਵਿੱਚ, ਅਸੀਂ ਸਮਝਦੇ ਹਾਂ ਕਿ ਕਾਰੋਬਾਰਾਂ ਕੋਲ ਰਾਜ ਪ੍ਰੋਟੋਕਾਲ ਨੂੰ ਕਿਵੇਂ ਲਾਗੂ ਕਰਨਾ ਹੈ ਬਾਰੇ ਸਵਾਲ ਹੋ ਸਕਦੇ ਹਨ, ਇਸ ਲਈ ਅਸੀਂ ਉਨ੍ਹਾਂ ਦੀਆਂ ਚਿੰਤਾਵਾਂ ਨੂੰ ਸੁਲਝਾਉਣ ਲਈ ਇੱਕ ਹਾਟਲਾਈਨ 559-369-7713 ਸਥਾਪਤ ਕੀਤੀ ਹੈ। ਹਾਟਲਾਈਨ ਦੇ ਜਵਾਬ ਸੋਮਵਾਰ ਤੋਂ ਸ਼ੁੱਕਰਵਾਰ ਸਵੇਰੇ 8:00 ਵਜੇ ਤੋਂ ਸ਼ਾਮ 5:00 ਵਜੇ ਤੱਕ ਈਡੀਸੀ ਦੇ ਸਟਾਫ਼ ਦੇ ਇੱਕ ਮੈਂਬਰ ਦੁਆਰਾ ਦਿੱਤੇ ਜਾਣਗੇ।

ਸਾਡਾ ਟੀਚਾ ਇਹ ਸੁਨਿਸ਼ਚਿਤ ਕਰਨਾ ਹੈ ਕਿ ਫ੍ਰੈਜ਼ਨੋ ਕਾਊਂਟੀ ਦੇ ਕਾਰੋਬਾਰ ਇੱਕ ਸੁਰੱਖਿਅਤ ਅਤੇ ਸਮੇਂ-ਸਿਰ ਢੰਗ ਨਾਲ ਖੁੱਲ੍ਹ ਗਏ ਹਨ, ਅਤੇ ਖੁੱਲ੍ਹਣਗੇ, ਅਤੇ ਕੋਵਿਡ-19 ਤੋਂ ਬਾਅਦ ਦੇ ਵਾਤਾਵਰਣ ਵਿੱਚ ਸੰਚਾਲਨ ਅਤੇ ਉਨੰਤੀ ਨੂੰ ਜਾਰੀ ਰੱਖ ਸਕਦੇ ਹਨ। ਸਾਡੇ ਭਾਈਚਾਰੇ ਵਿੱਚ ਨਿਵੇਸ਼ ਲਈ ਅਸੀਂ ਤੁਹਾਡਾ ਧੰਨਵਾਦ ਕਰਦੇ ਹਾਂ।

ਡੇਵਿਡ ਪੋਮਵਿਲ (David Pomaville)
ਡਾਇਰੈਕਟਰ
ਫ੍ਰੈਜ਼ਨੋ ਕਾਊਂਟੀ ਡਿਪਾਰਟਮੈਂਟ ਆਫ਼ ਪਬਲਿਕ ਹੈਲਥ

ਐਨ ਈਗਰ (Lee Ann Eager)
ਪ੍ਰਧਾਨ/ਸੀਈਓ
ਫ੍ਰੈਜ਼ਨੋ ਕਾਊਂਟੀ ਇਕਨਾਮਿਕ ਡਿਵੈਲਪਮੈਂਟ ਕਾਰਪੋਰੇਸ਼ਨ